# ਪਾਠ ਨਾਲ ਸੰਬੰਧਿਤ ਨਮੂਨਾ ਪ੍ਰਸ਼ਨ

1. ਹਰ ਪਲ ਅਪਣਾ ਲੇਖੇ ਲਾਈਏ,ਕਦਰ ਸਮੇਂ ਦੀ.........?
   ੳ) ਪਾਈਏ
   ਅ) ਜਾਈਏ
   ੲ) ਗੁਆਈਏ
   ਸ) ਗਾਈਏ
2. ਸਾਨੂੰ ਕਿਹੋ-ਜਿਹੀ ਸੇਵਾ ਕਰਨੀ ਚਾਹੀਦੀ ਹੈ?
   ੳ) ਪੈਸੇ ਵਾਲ਼ੀ
   ਅ) ਮਤਲਬ ਵਾਲ਼ੀ
   ੲ) ਨਿਸ਼ਕਾਮ
   ਸ) ਸੌਖੀ
3. 'ਪ੍ਰਾਰਥਨਾ' ਕਵਿਤਾ ਵਿੱਚ ਸਿਰਜਣਹਾਰੇ ਕਿਸਨੂੰ ਕਿਹਾ ਗਿਆ ਹੈ?
   ੳ) ਅਧਿਆਪਕ ਨੂੰ
   ਅ) ਰੱਬ ਨੂੰ
   ੲ) ਉਸਤਾਦ ਨੂੰ
   ਸ) ਪਿਤਾ ਨੂੰ
4. 'ਖੁਸ਼ਬੋਈ' ਕਿਸਨੂੰ ਕਹਿੰਦੇ ਹਨ?
   ੳ) ਸੁਗੰਧੀ
   ਅ) ਬਦਬੂ
   ੲ) ਹਵਾ
   ਸ) ਪਾਣੀ
5. 'ਭਰੋਸਾ' ਸ਼ਬਦ ਤੋਂ ਕੀ ਭਾਵ ਹੈ ?
   ੳ) ਪਿਆਰ
   ਅ) ਵਿਸ਼ਵਾਸ
   ੲ) ਮੋਹ
   ਸ) ਗੁੱਸਾ
6. 'ਦਾਨ' ਨਾਲ਼ ਮਿਲ਼ਦਾ ਤੁਕਾਂਤ ਚੁਣੋ?
   ੳ) ਦੇਣ
   ਅ) ਸ਼ਾਨ
   ੲ) ਦੀਨ
   ਸ) ਮਾਣ
7. ਜਦੋਂ ਕੋਈ ਸਾਨੂੰ ਮਦਦ ਲਈ ਬੁਲਾਉਂਦਾ ਹੈ ਤਾਂ ਕੀ ਕਰਨਾ ਚਾਹੀਦਾ ਹੈ?
   ੳ) ਕੋਲ ਨਹੀਂ ਜਾਣਾ ਚਾਹੀਦਾ
   ਅ) ਉਸਦੀ ਮਦਦ ਕਰਨੀ ਚਾਹੀਦੀ ਹੈ
   ੲ) ਉਸਦੀ ਮਦਦ ਨਹੀਂ ਕਰਨੀ ਚਾਹੀਦੀ
   ਸ) ਉਸ ਨਾਲ ਬੋਲਣਾ ਨਹੀਂ ਚਾਹੀਦਾ



Scanned with CamScanner

**8. 'ਮੇਰ-ਤੇਰ ਦੀਆਂ ਗੱਲਾਂ ਮੁੱਕਣ' ਤੋਂ ਕੀ ਭਾਵ ਹੈ?**

ੳ) ਕਿਸੇ ਨਾਲ ਕੋਈ ਵਿਤਕਰਾ ਨਾ ਹੋਵੇ ਅ) ਸਭ ਨੂੰ ਪੈਸੇ ਮਿਲਣ

ੲ) ਕੋਈ ਆਪਣੀ ਗੱਲ ਨਾ ਕਰੇ ਸ) ਸਭ ਖੁਸ਼ ਹੋਣ

**9. 'ਤੁਰਦੇ ਜਾਈਏ,ਮੰਜ਼ਲ ਪਾਈਏ,ਹੋਏ ਅਰਾਮ ਹਰਾਮ' ਦਾ ਕੀ ਭਾਵ ਹੈ?**

ੳ) ਸਾਨੂੰ ਤੁਰਨ ਤੋਂ ਬਾਅਦ ਅਰਾਮ ਕਰਨਾ ਚਾਹੀਦਾ ਹੈ

ਅ) ਸਾਨੂੰ ਮੰਜ਼ਲ ਪਾਉਣ ਲਈ ਅਰਾਮ ਕਰਨਾ ਚਾਹੀਦਾ ਹੈ

ੲ) ਸਾਨੂੰ ਸਫਲਤਾ ਹਾਸਲ ਕਰਨ ਲਈ ਅਰਾਮ ਛੱਡ ਕੇ ਕੋਸ਼ਸ਼ ਕਰਦੇ ਰਹਿਣਾ ਚਾਹੀਦਾ ਹੈ

ਸ) ਜ਼ਿਆਦਾ ਕੰਮ ਨਹੀਂ ਕਰਨਾ ਚਾਹੀਦਾ

**10. 'ਪ੍ਰਾਰਥਨਾ' ਕਵਿਤਾ ਵਿੱਚ ਕਿਹੜਾ ਦਾਨ ਮੰਗਿਆ ਗਿਆ ਹੈ?**

ੳ) ਪੜ੍ਹਨ,ਲਿਖਣ,ਅੱਗੇ ਵਧਣ ਅਤੇ ਮਹਾਨ ਕੰਮ ਕਰਨ ਦਾ ਅ) ਵੱਧ ਤੋਂ ਵੱਧ ਧਨ ਪ੍ਰਾਪਤ ਕਰਨ ਦਾ

ੲ) ਵੱਧ ਤੋਂ ਵੱਧ ਖੇਡਣ ਦਾ ਸ) ਖ਼ੁਸ਼ ਰਹਿਣ ਦਾ

**11. 'ਚਾਰ ਦਿਸ਼ਾਵਾਂ ਵਿੱਚੋਂ ਆਵੇ, ਫੁੱਲਾਂ ਦੀ ਖੁਸ਼ਬੋਈ' ਤੋਂ ਭਾਵ ਹੈ?**

ੳ) ਚਾਰੇ ਪਾਸੇ ਫੁੱਲ ਲਾਉਣੇ ਚਾਹੀਦੇ ਹਨ ਅ) ਸਾਰੇ ਪਾਸੇ ਖੁਸ਼ਹਾਲੀ ਹੋਵੇ

ੲ) ਫੁੱਲ ਖੁਸ਼ਬੂ ਦਿੰਦੇ ਹਨ ਸ) ਫੁੱਲ ਚੰਗੇ ਹੁੰਦੇ ਹਨ

**12. 'ਅੰਨ-ਧਨ ਦੂਣ-ਸਵਾਇਆ ਹੋਵੇ' ਵਿੱਚ 'ਦੂਣ-ਸਵਾਇਆ' ਤੋਂ ਕੀ ਭਾਵ ਹੈ?**

ੳ) ਬਹੁਤ ਜ਼ਿਆਦਾ ਅ) ਬਹੁਤ ਘੱਟ

ੲ) ਚਾਰੇ ਪਾਸੇ ਸ) ਲੋੜ ਤੋਂ ਵੱਧ

**13. ਸਾਨੂੰ ਇਹਨਾਂ ਵਿੱਚੋਂ ਕਿਹੜਾ ਕੰਮ ਨਹੀਂ ਕਰਨਾ ਚਾਹੀਦਾ?**

ੳ) ਸਮੇਂ ਦੀ ਕਦਰ ਕਰਨੀ ਚਾਹੀਦੀ ਹੈ ਅ) ਵਿਹਲੇ ਰਹਿਣਾ ਚਾਹੀਦਾ

ੲ) ਪੜ੍ਹਨਾ ਚਾਹੀਦਾ ਸ) ਖੇਡਣਾ ਚਾਹੀਦਾ

**14. ਸਹੀ ਸ਼ਬਦ-ਜੋੜ ਦੀ ਚੋਣ ਕਰੋ:**

ੳ) ਹਉਮੇ ਅ) ਹਉਮੈਂ

ੲ) ਹਊਮਾ ਸ) ਹਊਮੈ

**15. ਸਾਡੇ ਮਨ ਵਿੱਚ ਕੀ ਨਹੀਂ ਰਹਿਣਾ ਚਾਹੀਦਾ?**

ੳ) ਪਿਆਰ ਅ) ਮੋਹ

ੲ) ਰੋਸਾ ਸ) ਆਦਰ



Scanned with CamScanner

16. ਸਾਨੂੰ ਕਿਹੋ-ਜਿਹੇ ਬੋਲ ਨਹੀਂ ਬੋਲਣੇ ਚਾਹੀਦੇ ਹਨ?
    ੳ) ਰੁੱਖੇ
    ਅ) ਪਿਆਰੇ
    ੲ) ਮਿੱਠੇ
    ਸ) ਚੰਗੇ

17. ਦੁਨੀਆ 'ਤੇ ਕੋਈ ਵੀ.........ਨਹੀਂ ਰਹਿਣਾ ਚਾਹੀਦਾ।
    ੳ) ਮੋਟਾ
    ਅ) ਪਤਲਾ
    ੲ) ਭੁੱਖਾ
    ਸ) ਹਸਦਾ

18. ਮਿਹਨਤੀ ਲੋਕਾਂ ਲਈ ਅਰਾਮ...............ਹੈ।
    ੳ) ਮੌਜ
    ਅ) ਹਰਾਮ
    ੲ) ਮੰਜ਼ਲ
    ਸ) ਜ਼ਿੰਦਗੀ

19. 'ਜਾਈਏ' ਨਾਲ਼ ਮਿਲ਼ਦਾ-ਜੁਲਦਾ ਸ਼ਬਦ ਚੁਣੋ:
    ੳ) ਰੋਈਏ
    ਅ) ਹੋਈਏ
    ੲ) ਹੱਸੀਏ
    ਸ) ਖਾਈਏ

20. ਸਾਨੂੰ............ਦੀ ਨਿਸ਼ਕਾਮ ਸੇਵਾ ਕਰਨੀ ਚਾਹੀਦੀ ਹੈ।
    ੳ) ਮਾਨਵਤਾ
    ਅ) ਹਥਿਆਰਾਂ
    ੲ) ਖਿਡੌਣਿਆਂ
    ਸ) ਜਾਨਵਰਾਂ

| ਅਧਿਆਪਕ ਪੂਰਾ ਅਧਿਆਇ ਕਰਵਾਉਣ ਤੋਂ ਬਾਅਦ ਦਿੱਤੀ ਵਰਕਸ਼ੀਟ ਬੱਚਿਆਂ ਨੂੰ ਕਰਵਾ ਕੇ ਦੇਖਣਗੇ ਕਿ ਕਿੰਨੇ ਬੱਚਿਆਂ ਨੇ ਸਿੱਖਣ ਪਰਿਣਾਮ ਪ੍ਰਾਪਤ ਕੀਤੇ ਹਨ? | | | |
|---|---|---|---|
| ਪ੍ਰਤੀਸ਼ਤ | 30% ਤੋਂ ਘੱਟ | 30% - 80% ਤੱਕ | 80% ਤੋਂ ਵੱਧ |
| ਵਿਦਿਆਰਥੀਆਂ ਦੀ ਗਿਣਤੀ | | | |



Scanned with CamScanner